ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

ਪਿੱਠ ਅੰਕਣ ਨੰ: 15/47-2013 ਕੋ ਸ਼ਾਖਾ (1)/201820713-14

ਮਿਤੀ: ਐਸ.ਏ.ਐਸ. ਨਗਰ 03.07.2018

719
4/7/18

ਵਿਸ਼ਾ:- **Punjab Civil Services (General and Common Conditions of Services) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1 (d) ਸਬੰਧੀ ਸਮਸ਼ਟੀਕਰਨ।**

ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਦਾ ਪੱਤਰ ਨੰ: 1/04/2018-1 ਪੀ.ਪੀ.1 /63 ਮਿਤੀ 20.06.2018.

1. ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਵੱਲੋਂ Punjab Civil Services (General and Common Conditions of Services) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1 (d) ਸਬੰਧੀ ਸਮਸ਼ਟੀਕਰਨ ਪ੍ਰਾਪਤ ਹੋਈ ਹੈ।

2. ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਨੱਥੀ: ਉਕਤ ਅਨੁਸਾਰ।

03.07.18
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ ਸ਼ਾਖਾ)

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

2. ਸਮੂਹ ਅਧਿਕਾਰੀ/ਸ਼ਾਖਾ ਮੁੱਖੀ ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ।

09-07-2018

ਜਿਲਾ ਸਿੱਖਿਆ ਅਫਸਰ (ਸ:)
ਮਾਨਸਾ

ਚਲਦਾ ਪੰਨਾਂ...............

ਨੰ:1/04/2018-1ਪੀ.ਪੀ.1/63
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਮਿਤੀ, ਚੰਡੀਗੜ੍ਹ: 20-6-2018

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਉਪ ਮੰਡਲ ਅਫਸਰ(ਸਿਵਲ)।

ਵਿਸ਼ਾ:- Punjab Civil Services (General and Common Conditions of Service) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1(d) ਸਬੰਧੀ ਸਪੱਸ਼ਟੀਕਰਨ।

ਸ਼੍ਰੀਮਾਨ/ ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ Punjab Civil Services (General and Common Conditions of Service) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1(d) ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਹੇਠ ਅਨੁਸਾਰ ਉਪਬੰਧ ਹੈ:-

> "Any kind of leave not exceeding six months, during or at the end of period of probation, shall be counted towards the period of probation"

2. ਕੁਝ ਵਿਭਾਗਾ ਵੱਲੋਂ ਉਪਰੋਕਤ ਰੂਲ ਦੇ ਉਪਬੰਧ ਸਨਮੁੱਖ ਸਪੱਸ਼ਟੀਕਰਨ ਮੰਗਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਪ੍ਰੋਬੇਸ਼ਨ ਪੀਰੀਅਡ ਵਿੱਚ 6 ਮਹੀਨੇ ਤੋਂ ਵੱਧ ਕਿਸੇ ਵੀ ਕਿਸਮ ਦੀ ਛੁੱਟੀ avail ਕੀਤੀ ਗਈ ਹੈ ਤਾ ਉਸਦਾ ਪ੍ਰੋਬੇਸ਼ਨ ਪੀਰੀਅਡ ਕੁਲ avail ਕੀਤੀ ਛੁੱਟੀ ਵਿਚੋਂ 6 ਮਹੀਨੇ ਦਾ ਸਮਾਂ ਘਟਾ ਕੇ ਪਾਰ ਕੀਤਾ ਜਾਣਾ ਹੈ ਜਾਂ 6 ਮਹੀਨੇ ਨੂੰ ਵਿੱਚ ਮੰਨ ਕੇ ਪਾਰ ਕੀਤਾ ਜਾਣਾ ਹੈ।

3. ਉਪਰੋਕਤ ਦੇ ਸਨਮੁੱਖ ਸਪੱਸ਼ਟ ਕੀਤਾ ਜਾਂਦਾ ਹੈ ਕਿ:-

> "ਪ੍ਰੋਬੇਸ਼ਨ ਪੀਰੀਅਡ ਦੌਰਾਨ ਕਿਸੇ ਵੀ ਕਿਸਮ ਦੀ ਛੇ ਮਹੀਨੇ ਤੱਕ ਦੀ ਛੁੱਟੀ, ਜੋ ਕਿ qualifying service ਲਈ ਗਿਣੀ ਜਾਂਦੀ ਹੈ, ਉਹ ਛੁੱਟੀ ਪ੍ਰੋਬੇਸ਼ਨ ਪੀਰੀਅਡ ਲਈ ਗਿਣਨਯੋਗ ਹੋਵੇਗੀ। ਛੇ ਮਹੀਨੇ ਤੋਂ ਵੱਧ ਛੁੱਟੀ ਦੀ ਸੂਰਤ ਵਿੱਚ ਜਿੰਨੇ ਦਿਨ ਵੱਧ ਛੁੱਟੀ avail ਕੀਤੀ ਹੋਵੇ ਉਨੇ ਦਿਨ ਪ੍ਰੋਬੇਸ਼ਨ ਪੀਰੀਅਡ extend ਹੋ ਜਾਵੇਗਾ।"
>
> <u>ਉਦਾਹਰਣ</u>:- ਜੇਕਰ ਕਰਮਚਾਰੀ ਦੀ joining ਮਿਤੀ 15.5.2013 ਦੀ ਹੈ ਅਤੇ ਪ੍ਰੋਬੇਸ਼ਨ ਪੀਰੀਅਡ 2 ਸਾਲ ਅਨੁਸਾਰ ਮਿਤੀ 14.05.2015 ਨੂੰ ਪੂਰਾ ਹੁੰਦਾ ਹੈ, ਕਰਮਚਾਰੀ ਵੱਲੋਂ ਪ੍ਰੋਬੇਸ਼ਨ ਪੀਰੀਅਡ ਦੌਰਾਨ 6 ਮਹੀਨੇ ਤੱਕ ਦੀ ਛੁੱਟੀ avail ਕੀਤੀ ਗਈ ਹੈ ਤਾਂ ਉਸਦਾ ਪ੍ਰੋਬੇਸ਼ਨ ਪੀਰੀਅਡ ਮਿਤੀ 14.05.2015 ਨੂੰ ਪੂਰਾ ਹੋਵੇਗਾ, ਪ੍ਰੰਤੂ ਜੇਕਰ ਕਰਮਚਾਰੀ ਵੱਲੋਂ ਛੁੱਟੀ 6 ਮਹੀਨੇ ਤੋਂ ਵੱਧ ਭਾਵ 7 ਮਹੀਨੇ ਦੀ ਛੁੱਟੀ avail ਕੀਤੀ ਗਈ ਹੈ ਤਾਂ ਉਸਦਾ ਪ੍ਰੋਬੇਸ਼ਨ ਪੀਰੀਅਡ 7 ਮਹੀਨੇ - 6 ਮਹੀਨੇ = 1 ਮਹੀਨਾ ਅੱਗੇ ਪਾ ਕੇ ਮਿਤੀ 14.06.2015 ਨੂੰ ਪੂਰਾ ਹੋਵੇਗਾ।

ਆਪ ਜੀ ਦਾ ਵਿਸ਼ਵਾਸਪਾਤਰ

Hdahat
ਉਪ ਸਕੱਤਰ, ਪ੍ਰਸੋਨਲ
ਚਲਦਾ ਪੰਨਾਂ..............